ਪੰਜਾਬ ਸਰਕਾਰ
ਸਕੂਲ ਸਿੱਖਿਆ

ਵੱਲ: (ਵੈਬ ਸਾਇਟ ਰਾਂਹੀ)

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ (ਸ.ਸ/ਹਾਈ.ਮਿਡਲ)

ਮੀਮੋ ਨੰ: AD/Co/SSE/2018/36126

ਮਿਤੀ: 14-08-2018

ਵਿਸ਼ਾ:- ਏ.ਸੀ.ਆਰ.ਭਰਨ ਸਬੰਧੀ ਧਿਆਨ ਰੱਖਣ ਯੋਗ ਨੁਕਤੇ।

ਹਵਾਲਾ:- ਇਸ ਦਫ਼ਤਰ ਦਾ ਮੀਮੋ ਨੰ: AD(Co)/SSE/2018/4011124 ਮਿਤੀ: 12.07.18

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ।

2.0 ਜੇਕਰ ਕੋਈ ਅਧਿਆਪਕ ਆਪਣੇ ਵਿਸ਼ੇ ਤੋ ਇਲਾਵਾ ਹੋਰ ਅਸਾਨ ਵਿਸ਼ਾ ਜਿਵੇਂ ਈ.ਵੀ.ਐਸ,ਖੇਤੀਬਾੜੀ, ਡਰਇੰਗ, ਸਰੀਰਕ ਸਿੱਖਿਆ ਆਦਿ ਪੜ੍ਹਾ ਰਿਹਾ ਹੈ, ਤਾਂ ਅਜਿਹੇ ਕੇਸਾਂ ਵਿੱਚ ਅਧਿਆਪਕ ਲਈ ਅੰਕ ਗਣਨਾ ਕਰਦੇ ਸਮੇਂ ਕੇਵਲ ਉਸ ਦੇ ਆਪਣੇ ਵਿਸ਼ੇ ਦੇ ਨਤੀਜੇ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਅੰਕ ਗਣਨਾ ਕੇਵਲ ਉਸ ਦੇ ਆਪਣੇ ਵਿਸ਼ੇ ਦੀ ਹੀ ਕੀਤੀ ਜਾਵੇ।

3.0 ਜੇਕਰ ਕੋਈ ਅਧਿਆਪਕ ਆਪਣੇ ਵਿਸ਼ੇ ਤੋਂ ਮੁਸ਼ਕਿਲ ਵਿਸ਼ਾ ਜਿਵੇਂ ਆਰਟ ਅਤੇ ਕਰਾਫਟ ਅਧਿਆਪਕ ਵਿਗਿਆਨ ਜਾਂ ਕੋਈ ਹੋਰ ਵਿਸ਼ਾ ਪੜ੍ਹਾ ਰਿਹਾ ਹੈ ਤਾਂ ਉਸ ਕੇਸ ਵਿੱਚ ਦੋਹਾਂ ਵਿਸ਼ਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਔਸਤ ਕੱਢ ਕੇ ਅੰਕ ਗਣਨਾ ਕੀਤੀ ਜਾਵੇ।

4.0 ਜੇਕਰ ਕੋਈ ਅਧਿਆਪਕ ਇੱਕੋ ਜਮਾਤ ਦਾ ਉਹੀ ਵਿਸ਼ਾ ਦੋ ਜਾਂ ਵੱਧ ਸੈਕਸਨਾਂ ਨੂੰ ਪੜ੍ਹਾ ਰਿਹਾ ਹੈ ਤਾਂ ਅੰਕ ਗਣਨਾ ਲਈ ਦੋਨਾਂ ਸੈਕਸਨਾਂ ਦੇ ਵਿਦਿਆਰਥੀਆਂ ਦੀ ਗਿਣਤੀ ਜੋੜ ਕੇ ਅੰਕ ਗਣਨਾ ਕੀਤੀ ਜਾਵੇ।

5.0 ਜੇਕਰ ਕੋਈ ਮੈਥਸ ਲੈਕਚਰਾਰ ਨਾਨ ਮੈਡੀਕਲ ਦੇ ਨਾਲ ਹਿਊਮਨਟੀਜ ਗਰੁੱਪ ਦੇ ਵਿਦਿਆਰਥੀਆਂ ਨੂੰ ਵੀ ਗਣਿਤ ਪੜ੍ਹਾ ਰਿਹਾ ਹੈ ਤਾਂ ਉਸ ਕੇਸ ਵਿੱਚ ਵੀ ਵਿਦਿਆਰਥੀਆਂ ਦਾ ਕੁੱਲ ਜੋੜ (ਦੋਨਾਂ ਗਰੁੱਪਾਂ ਦੇ) ਕਰਦੇ ਹੋਏ, ਅੰਕ ਗਣਨਾ ਕੀਤੀ ਜਾਵੇ। ਇਸ ਲਈ ਔਸਤ ਕੱਢਣ ਦੀ ਜ਼ਰੂਰਤ ਨਹੀਂ ਹੋਵੇਗੀ।

ਸਕੱਤਰ ਸਕੂਲ ਸਿੱਖਿਆ
ਪੰਜਾਬ।